ਸਫ਼ਾ 1 ਦੀਆਂ ਬਾਕੀਆਂ

ਡਾ. ਮਨਮੋਹਨ ਸਿੰਘ ਨੂੰ ਏਮਜ਼ ਤੋਂ ਛੁੱਟੀ ਮਿਲੀ

ਗਈ। ਉਨ੍ਹਾਂ ਨੂੰ ਪਹਿਲਾਂ ਦਿਲ ਅਤੇ ਛਾਤੀ ਨਾਲ ਸਬੰਧਤ ਯੂਨਿਟ ਦੇ ਆਈਸੀਯੂ ਵਿਚ ਰਖਿਆ ਗਿਆ ਸੀ ਅਤੇ ਫਿਰ ਸੋਮਵਾਰ ਰਾਤ ਉਨ੍ਹਾਂ ਨੂੰ ਪ੍ਰਾਈਵੇਟ ਵਾਰਡ ਵਿਚ ਭੇਜ ਦਿਤਾ ਗਿਆ ਸੀ। ਉਨ੍ਹਾਂ ਦੀ ਕੋਰੋਨਾ ਵਾਇਰਸ ਜਾਂਚ ਦੀ ਰੀਪੋਰਟ ਨੈਗੇਟਿਵ ਆਈ ਸੀ। ਉਹ ਇਸ ਵੇਲੇ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਹਨ। ਉਹ 2004 ਤੋਂ 2014 ਤਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਹਨ। (ਏਜੰਸੀ)

ਹਾਕੀ ਖਿਡਾਰੀ 'ਬਲਬੀਰ ਸੀਨੀਅਰ' ਨੂੰ ਪਿਆ ਦਿਲ ਦਾ ਦੌਰਾ, ਹਾਲਤ ਗੰਭੀਰ

ਵਲੋਂ ਉਨ੍ਹਾਂ ਦੇ ਕੋਰੋਨਾ ਟੈਸਟ ਵੀ ਲਏ ਗਏ ਸਨ ਪਰ ਉਨ੍ਹਾਂ ਦੀ ਰੀਪੋਰਟ ਨੈਗੇਟਿਵ ਆਈ ਸੀ। ਜ਼ਿਕਰਯੋਗ ਹੈ ਕਿ ਬਲਬੀਰ ਸਿੰਘ ਸੀਨੀਅਰ ਨੇ ਲੰਡਨ, ਹੇਲਸਿੰਕੀ ਅਤੇ ਮੈਲਬੋਰਨ ਉਲੰਪਿਕ 'ਚ ਭਾਰਤ ਨੂੰ ਸੋਨ ਤਮਗ਼ਾ ਜਿੱਤਣ 'ਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਹੇਲਸਿੰਕੀ ਉਲੰਪਿਕ 'ਚ ਨੀਦਰਲੈਂਡ ਵਿਰੁਧ ਜਿੱਤ 'ਚ 5 ਗੋਲ ਕੀਤੇ ਅਤੇ ਇਹ ਰੀਕਾਰਡ ਹਾਲੇ ਵੀ ਬਰਕਰਾਰ ਹੈ। ਬਲਬੀਰ ਸੀਨੀਅਰ 1975 ਦੀ ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਮੈਨੇਜਰ ਵੀ ਰਹਿ ਚੁੱਕੇ ਹਨ।

ਕੈਪਟਨ ਨੇ ਮੁੱਖ ਸਕੱਤਰ ਕਰਨ ਅਵਤਾਰ ਤੋਂ ਐਕਸਾਈਜ਼ ਵਿਭਾਗ ਵਾਪਸ ਲਿਆ

ਆਈ.ਏ.ਐਸ. ਅਫ਼ਸਰ ਏ ਵੇਨੂੰ ਪ੍ਰਸ਼ਾਦ ਨੂੰ ਦਿਤਾ ਗਿਆ ਹੈ ਪਰ ਉਹ 20 ਮਈ ਤੱਕ ਛੁੱਟੀ 'ਤੇ ਹਨ ਜਿਸ ਕਰ ਕੇ ਫ਼ਿਲਹਾਲ ਐਕਸਾਈਜ਼ ਮਹਿਕਮਾ ਵਿੱਤ ਵਿਭਾਗ ਦੇ ਪ੍ਰਮੁੱਖ ਸਕੱਤਰ ਅਨਿਰੁੱਧ ਤਿਵਾੜੀ ਨੂੰ ਦਿਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਾਂਗਰਸੀ ਵਿਧਾਇਕ ਰਾਜਾ ਵੜਿੰਗ ਨੇ ਵੀ ਕਰਨ ਅਵਤਾਰ ਸਿੰਘ 'ਤੇ ਸ਼ਰਾਬ ਦੇ ਕਾਰੋਬਾਰ ਨਾਲ ਸਬੰਧ ਹੋਣ ਦੇ ਗੰਭੀਰ ਦੋਸ਼ ਲਾਏ ਸਨ। ਇਸ ਤੋਂ ਬਾਅਦ ਪੰਜਾਬ ਕਾਂਗਰਸ ਅੰਦਰ ਹੀ ਮੁੱਖ ਸਕੱਤਰ ਵਿਰੁਧ ਜਾਂਚ ਦੀ ਮੰਗ ਉਠਣ ਲੱਗੀ ਸੀ ਅਤੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਮੁੱਖ ਸਕੱਤਰ ਦੇ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨੇ ਸਾਧੇ ਸਨ। ਮੰਤਰੀਆਂ ਵਲੋਂ ਮਤਾ ਪਾਸ ਕਰ ਕੇ ਸਾਫ਼ ਤੌਰ 'ਤੇ ਭਵਿੱਖ ਵਿਚ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨਾਲ ਮੀਟਿੰਗ ਵਿਚ ਨਾ ਬੈਠਣ ਦਾ ਐਲਾਨ ਕਰ ਦਿਤਾ ਗਿਆ ਸੀ। ਮੁੱਖ ਸਕੱਤਰ ਐਕਸਾਈਜ਼ ਵਿਭਾਗ ਦੇਖਦੇ ਸਨ, ਦੀ ਅਗਵਾਈ ਵਿਚ ਹੀ ਅਧਿਕਾਰੀਆਂ ਨੇ ਸ਼ਰਾਬ ਸਬੰਧੀ ਨੀਤੀ ਦਾ ਪ੍ਰਸਤਾਵ ਤਿਆਰ ਕੀਤਾ ਸੀ। ਇਸ 'ਤੇ ਕੁੱਝ ਇਤਰਾਜ਼ ਉਠਾਉਣ ਕਾਰਨ ਮੁੱਖ ਸਕੱਤਰ ਨੇ ਮੰਤਰੀਆਂ ਨਾਲ ਮੀਟਿੰਗ ਵਿਚ ਬਹਿਸਬਾਜ਼ੀ ਕੀਤੀ ਸੀ। ਇਹ ਵੀ ਪਤਾ ਲਗਾ ਹੈ ਕਿ ਹੁਣ ਪਾਰਟ ਅੰਦਰ ਹੀ ਵਿਰੋਧ ਕਾਰਨ ਸ਼ਰਾਬ ਦੀ ਹੋਮ ਡਿਲੀਵਰੀ ਦਾ ਇਰਾਦਾ ਵੀ ਸਰਕਾਰ ਨੇ ਛਡ ਦਿਤਾ ਹੈ। ਆਬਕਾਰੀ ਨੀਤੀ ਵਿਚ ਸੋਧ ਲਈ ਮੰਤਰੀਆਂ ਦੀ ਸਲਾਹ ਲੈਣ ਲਈ ਹੀ ਮੁੱਖ ਮੰਤਰੀ ਨੇ ਕਰਨ ਅਵਤਾਰ ਤੋਂ ਮਹਿਕਮਾ ਵਾਪਸ ਲੈ ਕੇ ਵਿਵਾਦ ਦੇ ਹਲ ਲਈ ਵਿਚਕਾਰਲਾ ਰਾਹ ਲੱਭਣ ਦਾ ਯਤਨ ਕੀਤਾ ਹੈ ਜਦ ਕਿ ਮੰਤਰੀ ਮੁੱਖ ਸਕੱਤਰ ਨੂੰ ਅਹੁਦੇ ਤੋਂ ਹਟਾਉਣ ਦੀ ਵੀ ਮੰਗ ਕਰ ਚੁੱਕੇ ਹਨ।

ਇੰਗਲੈਂਡ 'ਚ ਭਾਰਤੀ ਪੱਤਰਕਾਰ ਨਾਲ ਹੋਇਆ ਨਸਲੀ ਭੇਦਭਾਵ, ਸ਼ੋਅ ਦਾ ਪ੍ਰਸਾਰਣ ਰੋਕਿਆ

ਲੰਦਨ, 12 ਮਈ: ਭਾਰਤੀ ਮੂਲ ਦੀ ਪੱਤਰਕਾਰ ਨੂੰ ਧਮਕੀਆਂ ਦੇਣ ਅਤੇ ਉਸ ਨਾਲ ਬਦਸਲੂਕੀ ਕਰਨ ਦੇ ਦੋਸ਼ ਹੇਠ 50 ਸਾਲਾ ਸ਼ਖ਼ਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਿਸ ਵਕਤ ਪੱਤਰਕਾਰ ਨਾਲ ਮਾੜਾ ਵਿਹਾਰ ਕੀਤਾ ਗਿਆ, ਉਸ ਸਮੇਂ ਉਹ ਲੀਸੈਸਟਰ ਸਿਟੀ ਸੈਂਟਰ ਦੇ ਪ੍ਰੋਗਰਾਮ ਦੇ ਪ੍ਰਸਾਰਣ ਦੀ ਤਿਆਰੀ ਕਰ ਰਹੀ ਸੀ।

ਸੀਮਾ ਕੋਟੇਚਾ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਐਤਵਾਰ ਸ਼ਾਮ ਨੂੰ ਹੋਏ ਦੇਸ਼ ਦੇ ਨਾਮ ਸੰਬੋਧਨ 'ਤੇ ਪ੍ਰਤੀਕਰਮ ਲੈਣ ਲਈ ਅਪਣੇ ਸ਼ੋਅ ਦੇ ਮਹਿਮਾਨਾਂ ਨਾਲ ਸੰਪਰਕ ਕਰ ਰਹੀ ਸੀ ਪਰ ਮਾੜੇ ਵਿਹਾਰ ਕਾਰਨ ਉਸ ਨੂੰ ਅਪਣਾ ਪ੍ਰਸਾਰਣ ਰੋਕਣਾ ਪਿਆ। ਜਾਨਸਨ ਨੇ ਕੋਵਿਡ-19 ਕਾਰਨ ਲਾਗੂ ਤਾਲਾਬੰਦੀ ਨੂੰ ਹੌਲੀ ਹੌਲੀ ਖ਼ਤਮ ਕਰਨ ਦੇ ਵਿਸ਼ੇ 'ਤੇ ਦੇਸ਼ ਨੂੰ ਸੰਬੋਧਤ ਕੀਤਾ ਸੀ। ਬੀਬੀਸੀ ਦੇ ਬੁਲਾਰੇ ਨੇ ਕਿਹਾ, 'ਸਾਡੀ ਪੱਤਰਕਾਰ, ਉਸ ਦੀ ਪ੍ਰੋਡਕਸ਼ਨ ਟੀਮ ਅਤੇ ਮਹਿਮਾਨ ਪ੍ਰਸਾਰਣ ਦੀ ਤਿਆਰੀ ਕਰ ਹੀ ਰਹੇ ਸਨ ਕਿ ਉਨ੍ਹਾਂ ਨਾਲ ਨਸਲੀ ਦੁਰਵਿਹਾਰ ਦੀ ਘਟਨਾ ਵਾਪਰੀ। ਅਸੀਂ ਨਸਲਵਾਦ ਜਾਂ ਅਪਣੇ ਮੁਲਾਜ਼ਮਾਂ ਨਾਲ ਬਦਸਲੂਕੀ ਬਰਦਾਸ਼ਤ ਨਹੀਂ ਕਰਾਂਗੇ।'

ਘਟਨਾ ਮਗਰੋਂ ਕੋਟੇਚਾ ਨੇ ਕਿਹਾ, 'ਅਫ਼ਸੋਸ ਹੈ। ਇਕ ਵਿਅਕਤੀ ਨੇ ਮੇਰੇ ਨਾਲ ਅਪਮਾਨਜਨਕ ਗੱਲਾਂ ਕੀਤੀਆਂ ਜਿਸ ਨਾਲ ਸੱਭ ਕੁੱਝ ਖ਼ਰਾਬ ਹੋ ਗਿਆ। ਕੌਮੀ ਸੰਕਟ ਦੀ ਰੀਪੋਰਟਿੰਗ ਨੂੰ ਦੁਖਦ ਤਰੀਕੇ ਨਾਲ ਰੋਕਿਆ ਗਿਆ।' ਕੋਟੇਚਾ ਦੇ ਹੱਕ ਵਿਚ ਹਜ਼ਾਰਾਂ ਸੰਦੇਸ਼ ਆਏ ਹਨ। (ਏਜੰਸੀ)

ਪ੍ਰਧਾਨ ਮੰਤਰੀ ਨੇ ਨਰਸਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ

ਨਵੀਂ ਦਿੱਲੀ, 12 ਮਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਾਜ ਨੂੰ ਸਿਹਤਮੰਦ ਰੱਖਣ ਵਿਚ ਨਰਸਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੋਰੋਨਾ ਵਾਇਰਸ ਵਿਰੁਧ ਲੜਾਈ ਵਿਚ ਉਨ੍ਹਾਂ ਦੇ ਅਹਿਮ ਕੰਮਾਂ ਪ੍ਰਤੀ ਦੇਸ਼ ਧਨਵਾਦੀ ਹੈ। 'ਅੰਤਰਰਾਸ਼ਟਰੀ ਨਰਸ ਦਿਵਸ' ਮੌਕੇ ਪ੍ਰਧਾਨ ਮੰਤਰੀ ਨੇ ਟਵਿਟਰ 'ਤੇ ਕਿਹਾ, '12 ਮਈ ਨੂੰ ਮਨਾਇਆ ਜਾਂਦਾ ਅੰਤਰਰਾਸ਼ਟਰੀ ਨਰਸ ਦਿਵਸ ਸਾਡੀ ਧਰਤੀ ਨੂੰ ਸਿਹਤਮੰਦ ਬਣਾਈ ਰੱਖਣ ਲਈ ਦਿਨ-ਰਾਤ ਕੰਮ ਕਰਨ ਵਾਲੀਆਂ ਸਾਡੀਆਂ ਨਰਸਾਂ ਦਾ ਧਨਵਾਦ ਕਰਨ ਦਾ ਵਿਸ਼ੇਸ਼ ਦਿਨ ਹੈ।' ਉਨ੍ਹਾਂ ਕਿਹਾ ਕਿ ਇਸ ਵੇਲੇ ਨਰਸਾਂ ਕੋਵਿਡ-19 ਲੜਾਈ ਵਿਚ ਅਹਿਮ ਕੰਮ ਕਰ ਰਹੀਆਂ ਹਨ। ਮੋਦੀ ਨੇ ਕਿਹਾ ਕਿ ਫ਼ਲੋਰੇਂਸ ਨਾਈਟਿੰਗੇਲ ਤੋਂ ਪ੍ਰੇਰਤ ਸਾਡੀਆਂ ਮਿਹਨਤੀ ਨਰਸਾਂ ਬੇਹੱਦ ਪਿਆਰ ਅਤੇ ਹਮਦਰਦੀ ਨਾਲ ਭਰੀਆਂ ਹੋਈਆਂ ਹਨ। ਅੱਜ ਅਸੀਂ ਉਨ੍ਹਾਂ ਦੇ ਭਲਾਈ ਕਾਰਜਾਂ ਅਤੇ ਉਨ੍ਹਾਂ ਦੀ ਪ੍ਰਤੀਬੱਧਤਾ ਦੀ ਸ਼ਲਾਘਾ ਕਰਦੇ ਹਾਂ। ਭਾਜਪ ਪ੍ਰਧਾਨ ਜੇ ਪੀ ਨੱਡਾ ਨੇ ਕਿਹਾ ਕਿ ਅੰਤਰਰਾਸ਼ਟਰੀ ਨਰਸ ਦਿਵਸ ਮੌਕੇ ਦੇਸ਼ ਪ੍ਰਤੀ ਅਸੀਮ ਸੇਵਾ ਲਈ ਉਹ ਸਾਰੀਆਂ ਨਰਸਾਂ, ਆਸ਼ਾ ਅਤੇ ਆਂਗਨਵਾੜੀ ਵਰਕਰਾਂ ਦਾ ਧਨਵਾਦ ਕਰਦੇ ਹਨ। (ਏਜੰਸੀ)

ਸਫ਼ਾ 3 ਦੀਆਂ ਬਾਕੀਆਂ

ਪੇਂਡੂ ਵਿਕਾਸ ਵਿਭਾਗ ਵਲੋਂ ਸੂਬੇ 'ਚ ਛੱਪੜਾਂ ਦੀ ਸਫ਼ਾਈ ਦੀ ਮੁਹਿੰਮ ਦਾ ਆਗਾਜ਼

ਹੀ ਆਮਦਨੀ ਦਾ ਕੋਈ ਹੋਰ ਸਾਧਨ, ਸੋ ਇਸ ਮੁਹਿੰਮ ਨਾਲ ਗ਼ਰੀਬ ਲੋਕਾਂ ਨੂੰ ਮਗਨਰੇਗਾ ਅਧੀਨ ਰੁਜ਼ਗਾਰ ਵੀ ਮਿਲੇਗਾ ਅਤੇ ਉਨ੍ਹਾਂ ਨੂੰ ਪਰਵਾਰਾਂ ਦੀਆਂ ਰਾਸ਼ਨ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਦਦ ਵੀ ਹੋਵੇਗੀ। ਇਸ ਦੇ ਨਾਲ ਹੀ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਮਗਨਰੇਗਾ ਕਾਮਿਆਂ ਦੀਆਂ ਅਦਾਇਗੀਆਂ ਵੀ ਨਾਲੋ-ਨਾਲ ਕੀਤੀਆਂ ਜਾਣ। ਤੰਦਰੁਸਤ ਮਿਸ਼ਨ ਪੰਜਾਬ ਦੇ ਡਾਇਰੈਕਟਰ ਸ੍ਰੀ ਕਾਹਨ ਸਿੰਘ ਪੰਨੂ ਨੇ ਜਿੱਥੇ ਸੂਬੇ ਦੀਆਂ ਪੰਚਾਇਤਾਂ ਨੇ ਪਿੰਡਾਂ ਵਿਚ ਕੋਰੋਨਾ ਵਾਇਰਸ ਤੋਂ ਬਚਾਅ ਲਈ ਆਪਸੀ ਭਾਈਚਾਰੇ ਦੀ ਵੱਡੀ ਮਿਸਾਲ ਪੇਸ਼ ਕੀਤੀ ਹੈ, ਉਸੇ ਤਰਾਂ ਪਿੰਡਾਂ ਨੂੰ ਸਾਫ ਸੁਥਰਾ ਬਣਾਉਣ ਲਈ ਇਸ ਮੁਹਿੰਮ ਵਿਚ ਵਿਚ ਸਾਰੀਆਂ ਧਿਰਾਂ ਇੱਕਜੁਟ ਹੋ ਕੇ ਕੰਮ ਕਰਨ। ਮੀਟਿੰਗ ਵਿਚ ਡਾਇਰੈਕਟਰ ਡੀ.ਪੀ.ਐਸ ਖਰਬੰਦਾ, ਜੇ.ਡੀ.ਸੀ ਵਿਪੁਲ ਉਜਵਲ ਹਾਜ਼ਰ ਹੋਏ ਅਤੇ ਸਾਰੇ ਜ਼ਿਲਿਆਂ ਦੇ ਵਧੀਕ ਡਿਪਟੀ ਕਮਿਸ਼ਨਰਾਂ ਵਿਕਾਸ ਅਤੇ ਪੇਂਡੂ ਵਿਕਾਸ ਵਿਭਾਗ ਦੇ ਜ਼ਿਲ੍ਹਾ ਵਿਕਾਸ ਅਫ਼ਸਰਾਂ ਅਤੇ ਬਲਾਕ ਵਿਕਾਸ ਅਫ਼ਸਰਾਂ ਨੇ ਵੀਡੀਉ ਕਾਨਫ਼ਰੰਸ ਰਾਹੀਂ ਭਾਗ ਲਿਆ।

ਰਾਜਾ ਵੜਿੰਗ ਵਲੋਂ ਮੁੱਖ ਸਕੱਤਰ 'ਤੇ ਲਾਏ ਦੋਸ਼ਾਂ ਦੀ ਜਾਂਚ ਹੋਵੇ : ਬਾਜਵਾ

ਕਾਰੋਬਾਰ 'ਚ ਸਰਕਾਰ ਲਈ ਘਾਟੇ ਦਾ ਕਾਰਨ ਬਣ ਰਹੀਆਂ ਹਨ।

ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਇਹ ਐਕਸਾਈਜ਼ ਅਤੇ ਟੈਕਸੇਸ਼ਨ ਮਹਿਕਮਾ ਤੁਹਾਡੇ ਅਧੀਨ ਹੀ ਆਉਂਦਾ ਹੈ ਅਤੇ ਸ਼ਰਾਬ ਦੇ ਕਾਰੋਬਾਰ 'ਚ ਸੂਬੇ ਨੂੰ ਵੱਡੀ ਆਮਦਨ ਹੁੰਦੀ ਹੈ ਜਿਸ ਕਰ ਕੇ ਵਿਭਾਗ 'ਚ ਲੁੱਟ-ਖਸੁੱਟ ਰੋਕਣ ਲਈ ਦੋਸ਼ਾਂ ਦੀ ਗਹਿਰਾਈ 'ਚ ਜਾਂਚ ਜ਼ਰੂਰੀ ਹੈ। ਸਰਕਾਰ ਅਤੇ ਠੇਕੇਦਾਰਾਂ ਦੇ ਗਠਜੋੜ ਦੀ ਸ਼ੰਕਾ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਇਸ ਨੂੰ ਵੀ ਖ਼ਤਮ ਕਰਨਾ ਜ਼ਰੂਰੀ ਹੈ। ਮੁੱਖ ਮੰਤਰੀ ਤੋਂ ਉਨ੍ਹਾਂ ਵਿਭਾਗ ਦੇ ਕੰਮਕਾਰ ਦੇ ਤਰੀਕਿਆਂ ਦੀ ਜਾਂਚ ਕਰਵਾਉਣ 'ਤੇ ਵੀ ਜ਼ੋਰ ਦਿਤਾ ਹੈ।

ਕੋਰੋਨਾ ਵਿਰੁਧ ਲੜਾਈ ਦੀ ਥਾਂ ਸ਼ਰਾਬ ਵਾਸਤੇ ਅੜੇ ਮੰਤਰੀ : ਸੁਖਬੀਰ ਬਾਦਲ

ਨੂੰ ਮਿਲੇਗਾ ਤੇ ਮੰਗ ਕਰੇਗਾ ਕਿ ਕਾਂਗਰਸ ਸਰਕਾਰ ਨੂੰ ਸਰਖ਼ਾਸਤ ਕੀਤਾ ਜਾਵੇ। ਮੀਡੀਆ ਵਲੋਂ ਕੋਰੋਨਾ ਮੁੱਦੇ ਅਤੇ ਵਿੱਤੀ ਸੰਕਟ ਬਾਰੇ ਕੀਤੇ ਸੁਆਲਾਂ ਦਾ ਜੁਆਬ ਦਿੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਇਸ ਦੁਖਦਾਈ ਸਮੇਂ ਰੀਮੋਟ ਕੰਟਰੋਲ ਨਾਲ ਸਰਕਾਰ ਚਲਾਉਣ ਦੀ ਥਾਂ ਮੁੱਖ ਮੰਤਰੀ ਤੇ ਬਾਕੀ ਮੰਤਰੀ ਫ਼ੀਲਡ ਵਿਚ ਜਾ ਕੇ ਲੋਕਾਂ ਦੀ ਮਦਦ ਕਰਦੇ, ਟੈਕਸਾਂ ਵਿਚ ਜਨਤਾ ਨੂੰ ਰਿਆਇਤ ਦਿੰਦੇ, ਰਾਸ਼ਨ ਵੰਡਦੇ, ਬਿਜਲੀ ਬਿਲ ਮੁਆਫ਼ ਕਰਦੇ, ਹਸਪਤਾਲਾਂ ਵਿਚ ਪੀੜਤਾਂ ਦਾ ਹਾਲ ਪੁੱਛਦੇ, ਪਰਵਾਸੀ ਮਜ਼ਦੂਰਾਂ ਨੂੰ ਬਾਹਰ ਨਾ ਜਾਣ ਦਿੰਦੇ ਪਰ ਦੁੱਖ ਅਤੇ ਅਫ਼ਸੋਸ ਤਾਂ ਇਹ ਹੈ ਕਿ ਕਾਂਗਰਸੀ ਮੰਤਰੀ, ਸ਼ਰਾਬ ਦੇ ਠੇਕੇਦਾਰਾਂ ਤੋਂ ਉਗਰਾਹੀ ਕਰਨ ਲਈ ਸਾਰਾ ਦੋਸ਼ ਮੁੱਖ ਸਕੱਤਰ ਅਤੇ ਹੋਰ ਅਫ਼ਸਰਸ਼ਾਹੀ ਦਾ ਹੀ ਕੱਢ ਰਹੇ ਹਨ।

ਜਦੋਂ ਲਾੜਾ ਟਰੈਕਟਰ 'ਤੇ ਹੀ ਲੈ ਆਇਆ ਡੋਲੀ

ਵਿਆਹ ਲਿਆਇਆ। ਉਕਤ ਪਰਵਾਰ ਨੇ ਵਿਆਹ ਦੀ ਤਰੀਕ 12 ਮਈ ਨਿਸ਼ਚਿਤ ਕੀਤੀ ਸੀ ਪਰ ਤਾਲਾਬੰਦੀ ਅਤੇ ਕਰਫ਼ੀਊ ਦੀ ਮਿਆਦ 17 ਮਈ ਤਕ ਵਧ ਜਾਣ ਕਾਰਨ ਦੋਵਾਂ ਪਰਵਾਰਾਂ ਨੇ ਆਪਸੀ ਸਹਿਮਤੀ ਨਾਲ ਬਿਨਾਂ ਸ਼ੋਰ ਸ਼ਰਾਬੇ ਦੇ ਵਿਆਹ ਦੀਆਂ ਰਸਮਾਂ ਪੂਰੇ ਸਾਦੇ ਢੰਗ ਨਾਲ ਨਿਭਾਉਣ ਦਾ ਫ਼ੈਸਲਾ ਕੀਤਾ। ਉਕਤ ਵਿਆਹ 'ਚ ਲੜਕਾ ਪਰਵਾਰ ਵਲੋਂ ਸਿਰਫ 5 ਬਰਾਤੀ ਸ਼ਾਮਲ ਹੋਏ ਅਤੇ ਦੂਜੇ ਪਾਸੇ ਲੜਕੀ ਪਰਵਾਰ ਦੇ ਵੀ ਸਿਰਫ ਪਰਵਾਰਕ ਮੈਂਬਰ ਹੀ ਹਾਜ਼ਰ ਸਨ। ਲਾੜੇ ਨੇ ਅਪਣੇ ਟਰੈਕਟਰ ਨੂੰ ਮਹਿੰਗੀਆਂ ਕਾਰਾਂ ਦੀ ਤਰਾਂ ਫੁੱਲਾਂ ਅਤੇ ਰਿਬਨਾਂ ਨਾਲ ਸ਼ਿੰਗਾਰਿਆ ਤੇ ਟਰੈਕਟਰ ਉਪਰ ਹੀ ਡੋਲੀ ਲੈ ਆਇਆ। ਸਥਾਨਕ ਬੱਤੀਆਂ ਵਾਲਾ ਚੌਕ 'ਚ ਐਸਐਚਓ ਰਾਜਬੀਰ ਸਿੰਘ ਸੰਧੂ ਦੀ ਅਗਵਾਈ 'ਚ ਵਿਆਂਦੜ ਜੋੜੀ ਨੂੰ ਗੁਲਦਸਤੇ ਭੇਂਟ ਕਰ ਕੇ ਸਨਮਾਨਤ ਕੀਤਾ ਗਿਆ। ਉਨਾਂ ਆਖਿਆ ਕਿ ਸਮੁੱਚੇ ਸਮਾਜ ਨੂੰ ਅਜਿਹੇ ਵਿਆਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਸੁਮੇਧ ਸੈਣੀ ਨੂੰ ਬਾਦਲਾਂ ਦੇ ਚੈਨਲ ਵਲੋਂ ਚਲਾਏ ਏਜੰਡੇ ਕਰ ਕੇ ਹੋਈ ਜ਼ਮਾਨਤ

ਉਦੋਂ ਪਿੰਕੀ ਕੈਟ ਦੇ ਖ਼ੁਲਾਸੇ ਪਿਛੋਂ ਪੰਜਾਬ ਦਾ ਗ੍ਰਹਿ ਮੰਤਰੀ ਹੋਣ ਦੇ ਨਾਤੇ ਸੁਮੇਧ ਸੈਣੀ ਅਤੇ ਹੋਰ ਪੁਲਿਸ ਅਫ਼ਸਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਜ਼ਿੰਮੇਵਾਰੀ ਸੁਖਬੀਰ ਸਿੰਘ ਬਾਦਲ ਦੀ ਬਣਦੀ ਸੀ, ਪਰ ਉਹ ਸੈਣੀ ਨੂੰ ਬਚਾਉਣ ਲਈ ਅਪਣੇ ਚੈਨਲ ਦੀ ਅਖੌਤੀ ਵਰਤੋਂ ਕਰਨ ਦੀ ਹਮਾਕਤ ਕਰ ਕੇ ਸਿੱਖਾਂ ਦੇ ਭਰੋਸੇ ਨੂੰ ਤੋੜਨ ਵਿਚ ਲੱਗੇ ਰਹੇ ਸਨ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਨੇ ਕਿਹਾ ਸੈਣੀ ਦੇ ਵਕੀਲਾਂ ਨੇ ਸ਼ਨੀਵਾਰ ਨੂੰ ਮੋਹਾਲੀ ਕੋਰਟ ਵਿਚ ਪਿੰਕੀ ਕੈਟ ਦੇ ਨਿਊਜ਼ ਚੈਨਲ ਨੂੰ 2015 ਵਿਚ ਦਿਤੇ ਇੰਟਰਵਿਊ ਨੂੰ ਸੈਣੀ ਦੇ ਬਚਾਅ ਵਿਚ ਵਰਤ ਕੇ ਦਾਅਵਾ ਕੀਤਾ ਕਿ ਪਿੰਕੀ ਆਊਟਲੁੱਕ ਨੂੰ ਦਿੱਤੇ ਬਿਆਨ ਬਾਰੇ ਇਸ ਨਿਊਜ਼ ਚੈਨਲ ਉਤੇ ਮੁੱਕਰ ਗਿਆ ਸੀ, ਇਸ ਲਈ ਪਿੰਕੀ ਕੈਟ ਦਾ ਦਾਅਵਾ ਭਰੋਸੇ ਦੇ ਲਾਇਕ ਨਹੀਂ ਹੈ। ਸੈਣੀ ਦੇ ਵਕੀਲਾਂ ਦੀ ਉਕਤ ਦਲੀਲਾਂ ਨੂੰ ਅਦਾਲਤ ਨੇ ਅਪਣੇ 35 ਪੰਨਿਆਂ ਦੇ ਫ਼ੈਸਲੇ ਵਿਚ ਪੰਨਾ ਨੰਬਰ 13 ਉਤੇ ਚੰਗੀ ਤਰ੍ਹਾਂ ਦਰਜ ਕੀਤਾ ਹੈ। ਫ਼ੈਸਲੇ ਨੂੰ ਪੜ੍ਹਨ ਤੋਂ ਸਾਫ਼ ਪਤਾ ਚੱਲ ਦਾ ਹੈ ਕਿ ਸਮੇਧ ਸੈਣੀ ਨੂੰ ਜ਼ਮਾਨਤ ਦਿਵਾਉਣ ਵਿਚ ਇਸ ਦਲੀਲ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਅੰਮ੍ਰਿਤਸਰ 'ਚ ਇਕ ਵਿਅਕਤੀ ਦੀ ਮੌਤ

ਨਾਨਕ ਦੇਵ ਹਸਪਤਾਲ ਵਿਖੇ ਕੈਦੀਆਂ ਦੀ ਵਾਰਡ ਵਿਚੋਂ ਕੈਦੀ ਪ੍ਰਤਾਪ ਸਿੰਘ ਬਾਥਰੂਮ ਦਾ ਬਹਾਨਾ ਲਗਾ ਕੇ ਖਿੜਕੀ ਦੇ ਰਸਤੇ ਫਰਾਰ ਹੋ ਗਿਆ, ਜਿਸ ਕਾਰਨ ਕੈਦੀ ਤੋਂ ਇਲਾਵਾ ਡਿਊਟੀ ਤੇ ਤੈਨਾਤ ਗਾਰਦ ਦੇ ਪੰਜ ਪੁਲਿਸ ਕਰਮਚਾਰੀਆਂ 'ਤੇ ਵੀ ਡਿਊਟੀ ਦੇ ਦੌਰਾਨ ਲਾਪਰਵਾਹੀ ਵਰਤਣ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਪੰਜਾਬ 'ਚ ਜਿਓ ਦਾ ਦਬਦਬਾ ਬਰਕਰਾਰ, 1.34 ਕਰੋੜ ਗਾਹਕਾਂ ਨਾਲ ਸਭ ਤੋਂ ਅੱਗੇ : ਟ੍ਰਾਈ ਰੀਪੋਰਟ

ਪੰਜਾਬ 'ਚ ਜਿਓ ਨੇ ਜਨਵਰੀ ਵਿਚ ਹੀ 1 ਲੱਖ ਨਵੇਂ ਗਾਹਕ ਜੋੜੇ

Jio
DIGITAL
LIFE

ਚੰਡੀਗੜ੍ਹ, 12 ਮਈ : ਰਿਲਾਇੰਸ ਜਿਓ, 1.34 ਕਰੋੜ ਗਾਹਕਾਂ ਦੇ ਉੱਚਤਮ ਗ੍ਰਾਹਕ ਆਧਾਰ ਦੇ ਨਾਲ ਪੰਜਾਬ 'ਚ ਨਿਰਵਿਵਾਦ ਰੂਪ ਨਾਲ ਮਾਰਕੀਟ ਲੀਡਰ ਬਣਿਆ ਹੋਇਆ ਹੈ ਅਤੇ ਹਰ ਮਹੀਨੇ ਅਪਣਾ ਗਾਹਕ ਆਧਾਰ ਵਧਾ ਰਿਹਾ ਹੈ। ਭਾਰਤੀ ਦੂਰਸੰਚਾਰ ਨਿਯਾਮਕ ਪ੍ਰਾਧਿਕਰਨ (ਟ੍ਰਾਈ) ਵਲੋਂ ਜਾਰੀ ਕੀਤੇ ਗਏ ਨਿਵੇਕਲੇ ਦੂਰਸੰਚਾਰ ਸਬਸਕ੍ਰਿੱਪਸ਼ਨ ਆਂਕੜਿਆਂ ਮੁਤਾਬਕ ਜਿਓ ਲਗਾਤਾਰ ਪੰਜਾਬ 'ਚ ਅਪਣਾ ਦਬਦਬਾ ਬਣਾਏ ਹੋਏ ਹੈ।

ਪੰਜਾਬ 'ਚ ਅਪਣੇ ਸਭ ਤੋਂ ਵੱਡੇ ਤੇ ਵਿਸਤ੍ਰਿਤ ਟਰੂ 4ਜੀ ਨੈਟਵਰਕ ਕਾਰਨ, ਸੂਬੇ ਦੇ ਨੌਜਵਾਨਾਂ ਦੀ ਪਹਿਲੀ ਪਸੰਦ ਹੋਣ ਕਰ ਕੇ ਅਤੇ ਵਿਸ਼ੇਸ਼ ਤੌਰ 'ਤੇ ਪੇਂਡੂ ਖੇਤਰਾਂ 'ਚ ਜਿਓ ਫ਼ੋਨ ਦੀ ਸਫਲਤਾ ਦੇ ਨਾਲ ਵੱਡੀ ਗਿਣਤੀ 'ਚ ਅਪਨਾਏ ਜਾਣ ਦੇ ਚਲਦੇ ਜਿਓ ਨੇ ਜਨਵਰੀ ਮਹੀਨੇ 'ਚ ਹੀ 1 ਲੱਖ ਨਵੇਂ ਗਾਹਕ ਜੋੜੇ ਹਨ। ਪੰਜਾਬ ਸਰਕਲ 'ਚ ਚੰਡੀਗੜ੍ਹ ਅਤੇ ਪੰਚਕੂਲਾ ਵੀ ਸ਼ਾਮਲ ਹਨ। ਟ੍ਰਾਈ ਦੀ ਰੀਪੋਰਟ ਮੁਤਾਬਕ 31 ਜਨਵਰੀ 2020 ਤਕ, ਜਿਓ, ਪੰਜਾਬ 'ਚ 1 ਕਰੋੜ 34 ਲੱਖ ਗ੍ਰਾਹਕਾਂ ਦੇ ਨਾਲ ਸਭ ਤੋਂ ਪਸੰਦੀਦਾ ਅਤੇ ਮੋਹਰੀ ਟੈਲੀਕਾਮ ਅਪਰੇਟਰ ਹੈ। ਕੰਪਨੀ ਮੁਤਾਬਕ ਪੰਜਾਬ 'ਚ ਜਿਓ ਦੀ ਤੇਜ਼ ਗ੍ਰੋਥ 'ਚ ਯੋਗਦਾਨ ਦੇਣ ਵਾਲਾ ਇਕ ਪ੍ਰਮੁੱਖ ਕਾਰਕ ਇਸਦਾ ਮਜ਼ਬੂਤ ਅਤੇ ਸਭ ਤੋਂ ਵੱਡਾ ਟਰੂ 4ਜੀ ਨੈਟਵਰਕ ਹੈ। ਇਹ ਸੂਬੇ 'ਚ ਰਿਵਾਇਤੀ 2ਜੀ, 3ਜੀ ਜਾਂ 4ਜੀ ਨੈਟਵਰਕ ਤੋਂ ਵੀ ਵੱਡਾ ਹੈ ਅਤੇ ਪੰਜਾਬ ਦੇ ਕੁਲ ਡੇਟਾ ਟ੍ਰੈਫਿਕ ਦਾ ਦੋ ਤਿਹਾਈ ਤੋਂ ਜ਼ਿਆਦਾ ਵਹਨ ਕਰਦਾ ਹੈ। ਜਿਓ ਪੰਜਾਬ ਦੇ ਸਾਰੇ 22 ਜ਼ਿਲ੍ਹਿਆਂ ਨੂੰ ਜੋੜਨ ਵਾਲਾ ਇਕੱਲਾ ਟ੍ਰੂ4ਜੀ ਨੈੱਟਵਰਕ ਹੈ ਜਿਸ ਵਿਚ 79 ਤਹਿਸੀਲਾਂ, 82 ਉਪ ਤਹਿਸੀਲਾਂ ਅਤੇ 12,500 ਤੋਂ ਜ਼ਿਆਦਾ ਪਿੰਡ ਸ਼ਾਮਲ ਹਨ ਜਿਨ੍ਹਾਂ 'ਚ ਚੰਡੀਗੜ੍ਹ (ਯੂਟੀ) ਅਤੇ ਪੰਚਕੂਲਾ ਵੀ ਸ਼ਾਮਲ ਹਨ। ਬਿਹਤਰੀਨ ਗੁਣਵੱਤਾ ਵਾਲੇ ਡੇਟਾ ਪ੍ਰਦਾਨ ਕਰਨ ਦੇ ਅਪਣੇ ਵਾਅਦੇ 'ਤੇ ਕਾਇਮ ਰਹਿੰਦੇ ਹੋਏ ਜਿਓ ਨੇ ਸ਼ੁਰੂਆਤ ਕਰਨ ਤੋਂ ਬਾਅਦ ਲਗਾਤਾਰ ਪੰਜਾਬ ਵਿਚ ਸਭ ਤੋਂ ਤੇਜ਼ 4ਜੀ ਦੂਰਸੰਚਾਰ ਨੈੱਟਵਰਕ ਦੇ ਤੌਰ 'ਤੇ ਸਫ਼ਲਤਾ ਪ੍ਰਾਪਤ ਕੀਤੀ ਹੈ। ਪੰਜਾਬ 'ਚ ਜਿਓ ਦੇ ਮਾਰਕੀਟ ਲੀਡਰ ਹੋਣ ਲਈ ਇਕ ਹੋਰ ਮਹੱਤਵਪੂਰਨ ਕਾਰਨ ਨੌਜਵਾਨਾਂ 'ਚ ਇਸਦੀ ਬਹੁਤ ਜ਼ਿਆਦਾ ਪ੍ਰਵਾਨਗੀ ਹੈ। ਅੱਜ ਲਗਭਗ ਸਾਰੇ ਪ੍ਰਮੁੱਖ ਅਦਾਰਿਆਂ, ਕਾਲਜਾਂ, ਯੂਨੀਵਰਸਿਟੀਜ਼, ਹੋਟਲਾਂ, ਹਸਪਤਾਲਾਂ, ਮਾੱਲ ਅਤੇ ਹੋਰਨਾ ਕਮਰਸ਼ੀਅਲ ਸੰਸਥਾਨਾਂ ਨੇ ਜਿਓ ਨੂੰ ਅਪਣਾ ਪਸੰਦੀਦਾ ਡਿਜਿਟਲ ਪਾਰਟਨਰ ਚੁਣਿਆ ਹੈ। ਜਿਓ ਨੇ ਨਾ ਸਿਰਫ਼ ਬੇਹਤਰ ਕਨੈਕਟੀਵਿਟੀ ਦੀ ਪੇਸ਼ਕਸ਼ ਕੀਤੀ ਹੈ, ਸਗੋਂ ਡਿਜਿਟਲ ਲਾਈਫ ਦਾ ਇਕ ਨਵਾਂ ਤਰੀਕਾ ਜਿਸ ਨੂੰ ਲੋਕ ਪੂਰੇ ਦਿਲ ਨਾਲ ਅਪਨਾ ਰਹੇ ਹਨ। ਟ੍ਰਾਈ ਦੀ ਨਿਵੇਕਲੀ ਰੀਪੋਰਟਾਂ ਮੁਤਾਬਕ, ਜਿਓ ਹੁਣ ਪੰਜਾਬ 'ਚ ਵਿਆਪਕ ਤੌਰ 'ਤੇ ਮਾਰਕੀਟ ਲੀਡਰ ਹੈ, ਜਿਸਦੇ ਕੋਲ ਟੈਲਿਕਾਮ ਪ੍ਰਦਰਸ਼ਨ ਭਾਵ ਰੇਵਨਿਊ ਮਾਰਕੀਟ ਸ਼ੇਅਰ (ਆਰਐਮਐਸ) ਅਤੇ ਕਸਟਮਰ ਮਾਰਕੀਟ ਸ਼ੇਅਰ (ਸੀਐਮਐਸ) ਦੋਵੇਂ ਪ੍ਰਮੁੱਖ ਮਾਪਦੰਡਾਂ 'ਚ ਸ਼ਿਖਰ ਸਥਾਨ ਹੈ।

ਪ੍ਰੇਮੀ ਜੋੜੇ ਦੀਆਂ ਸੜੀਆਂ ਹੋਈਆਂ ਲਾਸ਼ਾਂ ਖੇਤਾਂ 'ਚੋਂ ਮਿਲੀਆਂ

8 ਮਈ ਨੂੰ ਘਰੋਂ ਭੱਜਿਆ ਸੀ ਪ੍ਰੇਮੀ ਜੋੜਾ

ਪੱਟੀ/ਖੇਮਕਰਨ, 12 ਮਈ (ਅਜੀਤ ਘਰਿਆਲਾ/ਪ੍ਰਦੀਪ/ਗੁਰਬਾਜ ਗਿੱਲ/ਰਸ਼ਪਾਲ ਮਿੰਟੂ): ਪੁਲਿਸ ਜ਼ਿਲ੍ਹਾ ਤਰਨਤਾਰਨ ਪੈਂਦੇ ਥਾਣਾ ਖੇਮਕਰਨ ਅਧੀਨ ਪੈਂਦੇ ਪਿੰਡ ਦੂਹਲ ਕੋਨ੍ਹਾ ਵਿਖੇ ਘਰੋਂ ਭੱਜੇ ਪ੍ਰੇਮੀ ਜੋੜੇ ਦੀਆਂ ਲਾਸ਼ਾਂ ਖੇਤਾਂ ਵਿਚੋਂ ਸੜੀਆਂ ਹੋਈਆਂ ਮਿਲੀਆਂ। ਪੁਲਿਸ ਵਲੋਂ ਮ੍ਰਿਤਕ ਲਾਸ਼ਾਂ ਕਬਜ਼ੇ ਵਿਚ ਲੈ ਕੇ ਪੋਸਟਮਾਟਰਮ ਲਈ ਸਰਕਾਰੀ ਹਸਪਤਾਲ ਪੱਟੀ ਭੇਜ ਦਿਤਾ ਹੈ ਅਤੇ ਪੁਲਿਸ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਪ੍ਰੇਮੀ ਜੋੜੇ ਦੀ ਪਹਿਚਾਣ ਜੁਗਰਾਜ ਸਿੰਘ ਉਰਫ਼ ਜੋਗਾ ਪੁੱਤਰ ਕੁਲਵੰਤ ਸਿੰਘ (22) ਅਤੇ ਜੋਤੀ ਪੁੱਤਰੀ ਬੂਟਾ ਸਿੰਘ ਵਾਸੀ ਦੂਹਲਕੋਹਨਾ ਵਜੋਂ ਹੋਈ ਹੈ। ਜੋ ਕਿ 8 ਮਈ ਅਪਣੇ ਘਰੋਂ ਗ਼ਾਇਬ ਸਨ ਅਤੇ ਜੁਗਰਾਜ ਸਿੰਘ ਦੇ ਪਰਵਾਰ ਨੇ ਪੁਲਿਸ ਥਾਣਾ ਖੇਮਕਰਨ ਵਿਖੇ ਉਸ ਦੇ ਗੁੰਮ ਹੋਣ ਦੀ ਰਿਪੋਰਟ ਵੀ ਲਿਖਾਈ ਸੀ ਜਦਕਿ ਲੜਕੀ ਪ੍ਰਵਾਰ ਵਲੋਂ ਕੋਈ ਵੀ ਜਾਣਕਾਰੀ ਨਹੀਂ ਦਿਤੀ ਗਈ। ਅੱਜ ਅਚਾਨਕ ਦੂਹਲ ਕੋਹਨਾ ਦੇ ਨੇੜੇ ਕਣਕ ਦੇ ਖੇਤਾਂ ਵਿਚ ਔਰਤਾਂ ਸਿੱਟੇ ਚੁੱਗ ਰਹੀਆਂ ਸਨ ਕਿ ਉਨ੍ਹਾਂ ਦੀ ਨਜ਼ਰ ਖੇਤ ਵਿਚ ਪਈਆਂ ਲਾਸ਼ਾਂ 'ਤੇ ਪਈ ਜਿਨ੍ਹਾਂ ਨੇ ਪਿੰਡ ਵਿਚ ਸੂਚਿਤ ਕੀਤਾ ਅਤੇ ਪਿੰਡ ਵਾਸੀਆਂ ਇਸ ਦੀ ਸੂਚਨਾ ਪੁਲਿਸ ਨੂੰ ਦਿਤੀ ਜਿਸ 'ਤੇ ਕਵਲਜੀਤ ਸਿੰਘ ਔਲਖ ਡੀਐਸਪੀ ਮੇਜਰ ਕਰਾਈਮ ਜ਼ਿਲ੍ਹਾ ਸਮੇਤ ਭਾਰੀ ਪੁਲਿਸ ਬਲ ਮੌਕੇ 'ਤੇ ਪਹੁੰਚਿਆ। ਪੁਲਿਸ ਨੇ 302 ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

ਪਾਲਘਰ ਮਾਮਲੇ 'ਚ 18 ਦੋਸ਼ੀ ਕਾਬੂ

ਮੁੰਬਈ, 12 ਮਈ : ਮਹਾਰਾਸ਼ਟਰ ਪੁਲਿਸ ਦੇ ਅਪਰਾਧ ਜਾਂਚ ਵਿਭਾਗ (ਸੀ.ਆਈ.ਡੀ.) ਨੇ ਪਾਲਘਰ 'ਚ 2 ਸਾਧੂਆਂ ਸਮੇਤ ਤਿੰਨ ਲੋਕਾਂ ਦੀ ਕੁੱਟ-ਕੁੱਟ ਕੇ ਹਤਿਆ ਕਰਨ ਦੇ ਮਾਮਲੇ 'ਚ 18 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ ਪਿਛਲੇ ਮਹੀਨੇ ਇਕ ਪਿੰਡ 'ਚ ਹੋਈ ਸੀ। ਇਸ ਹਾਲੀਆ ਗ੍ਰਿਫ਼ਤਾਰੀ ਨਾਲ ਹੁਣ ਤਕ ਇਸ ਮਾਮਲੇ 'ਚ ਗ੍ਰਿਫ਼ਤਾਰ ਹੋਣ ਵਾਲੇ ਲੋਕਾਂ ਦੀ ਗਿਣਤੀ 134 ਤਕ ਪਹੁੰਚ ਚੁਕੀ ਹੈ।

ਰੋਜ਼ਾਨਾ ਸਪੋਕਸਮੈਨ ਕਲਾਸੀਫ਼ਾਈਡ CLASSIFIED

ਆਮ ਸੂਚਨਾ

• ਮੈਂ ਸਤਪਾਲ ਸਿੰਘ ਪੁੱਤਰ ਭਜਨ ਸਿੰਘ ਵਾਸੀ 23-ਏ, ਅਮਰ ਨਗਰ ਫਿਰੋਜ਼ਪੁਰ ਸ਼ਹਿਰ ਬਿਆਨ ਕਰਦਾ ਹਾਂ ਕਿ ਮੇਰਾ ਆਪਣੇ ਭਰਾ ਭੁਪਿੰਦਰ ਸਿੰਘ (ਭਿੰਦਾ) ਪੁੱਤਰ ਭਜਨ ਸਿੰਘ ਅਤੇ ਉਸਦੀ ਪਤਨੀ ਹਰਦੇਵ ਕੌਰ ਉਰਫ ਹਰਦੀਪ ਕੌਰ ਵਾਸੀ ਬਸੰਤ ਵਿਹਾਰ ਫਿਰੋਜ਼ਪੁਰ ਸ਼ਹਿਰ ਨਾਲ ਕੋਈ ਸਬੰਧ ਨਹੀਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਬੇਦਖ਼ਲੀ ਨੋਟਿਸ

• ਅਸੀਂ ਅੰਮ੍ਰਿਤ ਕੌਰ ਪਤਨੀ ਅਜੀਤ ਸਿੰਘ ਪੁੱਤਰ ਕਰਤਾਰ ਸਿੰਘ ਮੁਹੱਲਾ ਬੱਸੀ ਪਠਾਣਾ ਫਤਿਹਗੜ੍ਹ ਸਾਹਿਬ ਆਪਣੇ ਪੁੱਤਰ ਸੁਰਿੰਦਰ ਸਿੰਘ, ਨੂੰਹ ਅੰਮ੍ਰਿਤਪਾਲ ਕੌਰ/ਹਰਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਲੈਣ ਦੇਣ ਕਰਨਓ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਦਫ਼ਤਰ ਜ਼ਿਲ੍ਹਾ ਮੰਡੀ ਅਫ਼ਸਰ ਪੰਜਾਬ ਮੰਡੀ ਬੋਰਡ (ਨਵੀਂ ਅਨਾਜ ਮੰਡੀ ਸਰਹਿੰਦ) ਫਤਿਹਗੜ੍ਹ ਸਾਹਿਬ
ਈਮੇਲ ਆਈ.ਡੀ. : pmb.dmofgsahib@punjab.gov.in

ਮਾਰਕਿਟ ਕਮੇਟੀ ਦਾ ਨਾਮ					
ਬੱਸੀ ਪਠਾਣਾ	6,50,786/-	18.05.2020 ਸਵੇਰ 11.30 ਵਜੇ	65,000/-	ਦਫ਼ਤਰ ਮਾਰਕਿਟ ਕਮੇਟੀ ਬੱਸੀ ਪਠਾਣਾ	
ਸਰਹਿੰਦ	10,51,786/-	19.05.2020 ਸਵੇਰ 11.30 ਵਜੇ	1,50,000/-	ਦਫ਼ਤਰ ਮਾਰਕਿਟ ਕਮੇਟੀ ਸਰਹਿੰਦ	

1093-D ਜ਼ਿਲ੍ਹਾ ਮੰਡੀ ਅਫ਼ਸਰ ਫਤਿਹਗੜ੍ਹ ਸਾਹਿਬ

ਪੰਜਾਬ ਸਰਕਾਰ
ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ
ਬੋਲੀਆਂ ਦਾ ਸੱਦਾ (ਆਈਐਫਬੀ)

ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 3, ਅੰਮ੍ਰਿਤਸਰ ਹੇਠ ਟੇਬਲ ਵਿਚ ਦਰਸਾਏ (ਈ ਪ੍ਰੋਕਿਊਰਮੈਂਟ ਪੋਰਟਲ 'ਤੇ ਜਮ੍ਹਾਂ ਹੋਣਗੀਆਂ) ਕੰਮ ਲਈ ਯੋਗ ਬੋਲੀਆਂ ਤੋਂ ਬੋਲੀਆਂ ਦੀ ਮੰਗ ਕਰਦਾ ਹੈ।

ਕੰਮ ਦਾ ਵੇਰਵਾ	ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਸਾਰੇ ਤਰ੍ਹਾਂ ਨਾਲ ਪੂਰੀ ਪੰਪਿੰਗ ਮਸ਼ੀਨਰੀ 1000 ਐਲਪੀਐਮ ਅਤੇ 800 [illegible]
ਕੰਮ ਦੀ ਲਾਗਤ/ਬਿਆਨਾ ਰਕਮ	ਰੁ. 59.12/ਰੁ. 1.18 ਲੱਖ
ਵੈਬਸਾਈਟ 'ਤੇ ਬੋਲੀ ਦਸਤਾਵੇਜ਼ ਦੀ ਉਪਲਬਧਤਾ	13.05.2020, 11.00 ਵਜੇ ਤੋਂ 27.05.2020 ਸ਼ਾਮ 17.00 ਵਜੇ ਤੱਕ
ਆਨਲਾਈਨ ਬੋਲੀਆਂ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ ਤੇ ਸਮਾਂ	28.05.2020 ਸ਼ਾਮ 17.00 ਵਜੇ
ਬੋਲੀ ਖੋਲ੍ਹਣ ਦੀ ਮਿਤੀ	29.05.2020 ਸ਼ਾਮ 16.00 ਵਜੇ
ਕੰਮ ਪੂਰਾ ਕਰਨ ਦੀ ਮਿਆਦ	4 ਮਹੀਨੇ

1. ਕੰਮ ਲਈ ਬੋਲੀ ਦਸਤਾਵੇਜ਼ ਦੀ ਲਾਗਤ ਅਤੇ ਪ੍ਰੋਸੈਸਿੰਗ ਫੀਸ ਵੈਬਸਾਈਟ ਅਨੁਸਾਰ
2. ਸੋਧ, ਦਰੁਸਤੀ ਅਤੇ ਵਾਧਾ ਜੇ ਕੋਈ ਹੋਵੇਗਾ ਸਿਰਫ਼ ਵੈਬਸਾਈਟ 'ਤੇ ਜਾਰੀ ਕੀਤਾ ਜਾਵੇਗਾ।
3. ਬੋਲੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਕ੍ਰਿਪਾ ਕਰਕੇ ਵੈਬਸਾਈਟ https://eproc.punjab.gov.in ਦੇਖੋ।

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 3
1087-D ਅੰਮ੍ਰਿਤਸਰ, ਈਮੇਲ : xengwasr@yahoo.com

ਪੰਜਾਬ ਸਰਕਾਰ
ਰੂਰਲ ਜਲ ਸਪਲਾਈ ਅਤੇ ਸੈਨੀਟੇਸ਼ਨ ਸੈਕਟਰ, ਪੰਜਾਬ
ਇੰਪਰੂਵਮੈਂਟ ਪ੍ਰਾਜੈਕਟ
ਨੈਸ਼ਨਲ ਸ਼ਾਪਿੰਗ ਪ੍ਰਕਿਰਿਆ ਅਧੀਨ ਬੋਲੀਆਂ ਲਈ ਸੱਦਾ

ਚੇਅਰਮੈਨ/ਚੇਅਰਪਰਸਨ(ਜ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਹੇਠ ਲਿਖੇ ਪਿੰਡਾਂ ਲਈ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ, ਫਤਿਹਗੜ੍ਹ ਸਾਹਿਬ ਰਾਹੀਂ ਆਨਲਾਈਨ ਬੋਲੀਆਂ ਦੀ ਮੰਗ ਕਰਦਾ ਹੈ।

ਲੜੀ ਨੰ.	ਕੰਮ ਦਾ ਨਾਂ	ਮਾਤਰਾ	ਪੂਰਾ ਕਰਨ ਦੀ ਮਿਆਦ
1.	ਪਿੰਡ ਬਾਗ ਸਿਕੰਦਰ ਬਲਾਕ ਬੱਸੀ ਪਠਾਣਾਂ ਜ਼ਿਲ੍ਹਾ ਫਤਿਹਗੜ੍ਹ [illegible]	1	2 ਮਹੀਨੇ
2.	[illegible]	1	
3.	[illegible]	1	
4.	[illegible]	1	

1092-D ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ, ਫਤਿਹਗੜ੍ਹ ਸਾਹਿਬ

ਪੰਜਾਬ ਸਰਕਾਰ
ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ
ਬੋਲੀਆਂ ਦਾ ਸੱਦਾ (ਆਈਐਫਬੀ)

ਕੰਮ ਦਾ ਵੇਰਵਾ	[illegible]
ਕੰਮ ਦੀ ਲਾਗਤ/ਬਿਆਨਾ ਰਕਮ	[illegible]
ਵੈਬਸਾਈਟ 'ਤੇ ਬੋਲੀ ਦਸਤਾਵੇਜ਼ ਦੀ ਉਪਲਬਧਤਾ	13.05.2020, 11.00 ਵਜੇ ਤੋਂ 02.06.2020 ਸ਼ਾਮ 17.00 ਵਜੇ ਤੱਕ
ਆਨਲਾਈਨ ਬੋਲੀਆਂ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ ਤੇ ਸਮਾਂ	03.06.2020 ਸ਼ਾਮ 17.00 ਵਜੇ
ਬੋਲੀ ਖੋਲ੍ਹਣ ਦੀ ਮਿਤੀ	04.06.2020 ਸ਼ਾਮ 16.00 ਵਜੇ
ਕੰਮ ਪੂਰਾ ਕਰਨ ਦੀ ਮਿਆਦ	[illegible]

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 3
1090-D ਅੰਮ੍ਰਿਤਸਰ, ਈਮੇਲ : xengwasr@yahoo.com

PSPCL ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਰਜਿਸਟਰਡ ਆਫ਼ਿਸ ਪੀ.ਐਸ.ਈ.ਬੀ. ਹੈੱਡ ਆਫ਼ਿਸ ਬਿਲਡਿੰਗ ਦੀ ਮਾਲ, ਪਟਿਆਲਾ)
ਦਫ਼ਤਰ : ਮੁੱਖ ਇੰਜੀਨੀਅਰ/ਟੀ.ਐਸ., ਬੀ-1, ਸ਼ਕਤੀ ਵਿਹਾਰ, ਪਟਿਆਲਾ
ਕਾਰਪੋਰੇਟ ਆਈ ਡੀ ਨੰ.: (CIN) U40109PB2010SGC033813

ਨੋਟੀਫ਼ਿਕੇਸ਼ਨ ਨੰ. 75/ਟੀ.ਐਸ.ਐਨ.-207/Vol-VIII ਮਿਤੀ : 11.05.2020

ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ [illegible] ਸਕੀਮਾਂ/ਟਰਾਂਸਮੀਸ਼ਨ ਦੇ ਕੰਮ ਸ਼ੁਰੂ ਕਰਨ ਦਾ ਪ੍ਰਸਤਾਵ ਹੈ, [illegible] ਬਿਜਲੀ ਦੀ ਡਿਸਪਰਸਲ/ਵੰਡ ਲਈ ਜ਼ਰੂਰੀ ਹਨ।

66 ਕੇਵੀ ਲਾਈਨਾਂ ਦੇ ਕੰਮ ਬਾਬਤ ਸਾਲ 2020-21

[illegible]

ਉਪ ਮੁੱਖ ਇੰਜੀ./ਟਰਾਂਸਮੀਸ਼ਨ ਲਾਈਨ (ਡ), ਪੀ.ਐਸ.ਪੀ.ਸੀ.ਐਲ. ਬੀ-1, ਸ਼ਕਤੀ ਵਿਹਾਰ, ਪਟਿਆਲਾ C - 150/2020 813-C ਮੁੱਖ ਇੰਜੀਨੀਅਰ/ਟੀ.ਐਸ., ਪੀ.ਐਸ.ਪੀ.ਸੀ.ਐਲ. ਬੀ-1, ਸ਼ਕਤੀ ਵਿਹਾਰ, ਪਟਿਆਲਾ

Fortis MALAR HOSPITAL
ਫ਼ੋਰਟਿਸ ਮਲਾਰ ਹਾਸਪਿਟਲਜ਼ ਲਿਮਟਿਡ
ਕਾਰਪੋਰੇਟ ਪਛਾਣ ਨੰਬਰ : L85110PB1989PLC045948
ਰਜਿ. ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼-8, ਪਿੰਡ ਮੋਹਾਲੀ-160062, ਪੰਜਾਬ
ਟੈਲੀ. : +91-172-5096001, ਫ਼ੈਕਸ : +91-172-5096002
ਈ-ਮੇਲ : secretarial.malar@malarhospitals.in, ਵੈੱਬਸਾਈਟ : www.fortismalar.com

ਮੈਂਬਰਾਂ ਨੂੰ ਨੋਟਿਸ

ਕੰਪਨੀਜ਼ (ਮੈਨੇਜਮੈਂਟ ਐਂਡ ਅਡਮਿਨਸਟ੍ਰੇਸ਼ਨ) ਰੂਲਜ਼ 2014 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ 2013 ਦੇ ਸੈਕਸ਼ਨ 110 ਦੀਆਂ ਤਜਵੀਜ਼ਾਂ ਅਧੀਨ ਅਤੇ ਕਾਰਪੋਰੇਟ ਮਾਮਲੇ ਮੰਤਰਾਲੇ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਤੀ 8 ਅਪ੍ਰੈਲ, 2020 ਦੇ ਜਨਰਲ ਸਰਕੂਲਰ ਨੰ. 14/2020 ਅਤੇ ਜਨਰਲ ਸਰਕੂਲਰ ਨੰ. 17/2020 ਮਿਤੀ 13 ਅਪ੍ਰੈਲ, 2020 ਅਨੁਸਾਰ ਜਨਰਲ ਮੀਟਿੰਗਜ਼/ਪੋਸਟਲ ਬੈਲਟ ਪ੍ਰਕਿਰਿਆ ਕੋਵਿਡ-19 ਕਰਕੇ ਹੋਣੀ ਸੀ, ਕੰਪਨੀ ਨੇ ਮੰਗਲਵਾਰ 12 ਮਈ, 2020 ਨੂੰ ਪੂਰੀ ਕਰ ਲਈ ਹੈ (ੳ) ਪੋਸਟਲ ਬੈਲਟ ਨੋਟਿਸ ਸਮੇਤ ਪੋਸਟਲ ਬੈਲਟ ਫਾਰਮ ਈਮੇਲ ਰਾਹੀਂ ਜਿਨ੍ਹਾਂ ਮੈਂਬਰਾਂ ਦੇ ਈਮੇਲ ਆਈ.ਡੀਜ਼ ਡਿਪਾਜ਼ਟਰੀ ਰਿਕਾਰਡ ਵਿਚ ਦਰਜ ਹਨ ਭੇਜ ਦਿੱਤੇ ਹਨ ਅਤੇ (ਅ) ਅਤੇ ਦੂਜੇ ਮੈਂਬਰਾਂ ਨੂੰ ਇਹ ਭੌਤਿਕ ਰੂਪ ਵਿਚ ਵੀ ਸਮੇਤ ਇਕ ਪ੍ਰੀ ਪੇਡ ਐਨਵੈਲਪ ਰਾਹੀਂ ਹੋਰ ਮੈਂਬਰਾਂ, ਪੋਸਟਲ ਬੈਲਟ ਨੋਟਿਸ ਵਿਚ ਜਿਵੇਂ ਵਿਸਥਾਰਤ ਈ ਵੋਟਿੰਗ ਸਮੇਤ ਪੋਸਟਲ ਬੈਲਟ ਰਾਹੀਂ ਮੈਂਬਰਾਂ ਦੀ ਸਹਿਮਤੀ ਲੈਣ ਲਈ ਭੇਜੇ ਗਏ। ਕੰਪਨੀ ਨੇ ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ (ਐਨਐਸਡੀਐਲ) ਤੋਂ ਇਸ ਦੇ ਨਾਲ ਹੀ ਗਾਹਕੀ ਈਮੇਲ ਅਪਡੇਸ਼ਨ ਸਹੂਲਤ ਲੈਣ ਲਈ ਜਿੱਥੇ ਐਨਐਸਡੀਐਲ ਕੰਪਨੀ ਦੇ ਸ਼ੇਅਰਹੋਲਡਰਾਂ ਨੂੰ 10 ਅਪ੍ਰੈਲ 2020 ਦੇ ਉਨ੍ਹਾਂ ਦੇ ਰਿਕਾਰਡ ਅਨੁਸਾਰ ਰਜਿਸਟਰਡ ਮੋਬਾਇਲ ਨੰਬਰਾਂ 'ਤੇ ਉਨ੍ਹਾਂ ਦੀ ਈਮੇਲ ਆਈਡੀਜ਼ ਦਰਜ ਕਰਨ ਦੇ ਯੋਗ ਬਣਾਉਣ ਲਈ ਮੈਸੇਜ (ਐਸਐਮਐਸ) ਭੇਜੇਗੀ। ਕੰਪਨੀ ਨੇ ਸ੍ਰੀ ਰਮਿਤ ਰਸਤੋਗੀ, ਕੰਪਨੀ ਸਕੱਤਰ ਨੂੰ ਪੂਰੇ ਸਮੇਂ ਦੇ ਅਭਿਆਸ (ਸੀ.ਪੀ. ਨੰ. 18465) ਲਈ ਪੋਸਟਲ ਬੈਲਟ ਪ੍ਰਕਿਰਿਆ ਚਲਾਉਣ ਲਈ ਅਤੇ ਪਾਰਦਰਸ਼ੀ ਅਤੇ ਸਹੀ ਢੰਗ ਨਾਲ ਵੋਟਿੰਗ ਪ੍ਰਕਿਰਿਆ ਦੀ ਪੜਤਾਲ ਕਰਨ ਲਈ ਪੜਤਾਲਕਰਤਾ ਨਿਯੁਕਤ ਕੀਤਾ ਹੈ। ਮੈਂਬਰਾਂ ਦੇ ਵੋਟਿੰਗ ਹੱਕ ਕੱਟ ਆਫ਼ ਦੀ ਮਿਤੀ ਭਾਵ 1 ਮਈ, 2020 ਤੱਕ ਗਿਣੇ ਜਾਣਗੇ।
ਮੈਂਬਰਾਂ ਨੂੰ ਇਸ ਵੱਲ ਵੀ ਧਿਆਨ ਦੇਣ ਦੀ ਬੇਨਤੀ ਹੈ ਕਿ ਸਾਰੇ ਮੈਂਬਰਾਂ ਨੂੰ ਇਲੈਕਟ੍ਰਾਨਿਕ ਮੰਤਵ (ਈ ਵੋਟਿੰਗ) ਰਾਹੀਂ ਵੋਟਿੰਗ ਸਹੂਲਤ ਉਪਲਬਧ ਹੈ। ਮੈਂਬਰ ਆਪਣੀਆਂ ਈ ਵੋਟਾਂ ਵੈਬਸਾਈਟ https://evoting.karvy.com/ ਰਾਹੀਂ ਵੀ ਪਾ ਸਕਦੇ ਹਨ। ਵੋਟਿੰਗ ਪ੍ਰਕਿਰਿਆ ਪੋਸਟਲ ਬੈਲਟ ਰਾਹੀਂ ਜਿਵੇਂ ਕਿ ਈ ਵੋਟਿੰਗ ਮੰਗਲਵਾਰ, 14 ਮਈ, 2020 ਨੂੰ 1000 ਵਜੇ ਸ਼ੁਰੂ ਹੋਵੇਗੀ ਅਤੇ ਸ਼ੁੱਕਰਵਾਰ 12 ਜੂਨ 2020 ਨੂੰ 1700 ਵਜੇ ਖਤਮ ਹੋਵੇਗੀ। ਸ਼ੁਕਰਵਾਰ, 12 ਜੂਨ, 2020 ਨੂੰ 1700 ਵਜੇ ਤੋਂ ਬਾਅਦ ਪ੍ਰਾਪਤ ਪੋਸਟਲ ਬੈਲਟ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਵੋਟਿੰਗ ਜੇ ਡਾਕ ਜਾਂ ਇਲੈਕਟ੍ਰਾਨਿਕ ਮੰਤਵ ਨਾਲ ਉਕਤ ਮਿਤੀ ਤੋਂ ਬਾਅਦ ਕਰਨ ਦੀ ਆਗਿਆ ਨਹੀਂ ਹੋਵੇਗੀ। ਪੋਸਟਲ ਬੈਲਟ ਦੇ ਨਤੀਜੇ ਸ਼ਨੀਵਾਰ 13 ਜੂਨ, 2020 ਨੂੰ 1700 ਵਜੇ ਕੰਪਨੀ ਦੇ ਕਾਰਪੋਰੇਟ ਦਫਤਰ, ਟਾਵਰ ਏ, ਤੀਜੀ ਮੰਜ਼ਿਲ, ਯੂਨੀਟੈਕ ਬਿਜਨਸ ਪਾਰਕ, ਬਲਾਕ ਐਫ, ਸਾਊਥ ਸਿਟੀ-1, ਸੈਕਟਰ 41, ਗੁਰੂਗ੍ਰਾਮ-122001 ਵਿਖੇ ਐਲਾਨੇ ਜਾਣਗੇ। ਇਹ ਕੰਪਨੀ ਦੀ ਵੈਬਸਾਈਟ www.fortimalar.com ਅਤੇ ਕਵਿਨ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਦੀ ਵੈਬਸਾਈਟ https://evoting.karvy.com/ ਅਤੇ ਬੀਐਸਈ ਲਿਮਟਿਡ www.bseindia.com 'ਤੇ ਵੀ ਪਾਏ ਜਾਣਗੇ।
ਜੇ ਕਿਸੇ ਕਾਰਨ ਪੋਸਟ ਬੈਲਟ ਪੇਪਰ ਪ੍ਰਾਪਤ ਨਹੀਂ ਹੁੰਦੇ ਤਾਂ ਮੈਂਬਰ ਪੋਸਟਲ ਬੈਲਟ ਫਾਰਮ ਲਿੰਕ https://evoting.karvy.com or www.fortismalar.com ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ ਜਾਂ ਇਸ ਦੀ ਡੁਪਲੀਕੇਟ ਕਾਪੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪੋਸਟਲ ਬੈਲਟ ਸਮੇਤ ਵੋਟਿੰਗ ਨਾਲ ਸਬੰਧਤ ਕੋਈ ਸ਼ਿਕਾਇਤ ਜਾਂ ਪੜਤਾਲ ਲਈ ਕੰਪਨੀ ਸੈਕਟਰੀ ਦੇ ਪਤੇ 'ਤੇ ਇਲੈਕਟ੍ਰਾਨਿਕ ਤਰੀਕੇ ਰਾਹੀਂ secretarial.malar@malarhospitals.in ਅਤੇ/ਜਾਂ einward.ris@karvy.com 'ਤੇ ਪਾਈ ਜਾ ਸਕਦੀ ਹੈ।
ਮੈਂਬਰ ਜਿਹੜੇ ਸ਼ੁੱਕਰਵਾਰ ਮਈ 1, 2020 ਤੱਕ ਕੰਪਨੀ ਦੇ ਮੈਂਬਰ ਨਹੀਂ ਹਨ ਉਨ੍ਹਾਂ ਨੂੰ ਵੀ ਇਹ ਨੋਟਿਸ ਜਾਣਕਾਰੀ ਲਈ ਦਿੱਤਾ ਗਿਆ ਹੈ।

ਲਈ ਫੋਰਟਿਸ ਹੈਲਥਕੇਅਰ ਲਿਮਟਿਡ
ਸਹੀ
ਮਯੰਕ ਜੈਨ
ਕੰਪਨੀ ਸਕੱਤਰ
ਮੈਂਬਰਸ਼ਿਪ ਨੰ. A26620
ਮਿਤੀ : ਮਈ 12, 2020
ਸਥਾਨ : ਦਿੱਲੀ

Rajinder Singh, Publisher & Printer: printed at Jagjit Publishing Company Private Limited, D-12, Industrial Area, Phase-1, Ajitgarh and Published from 2217, Sector, 21-C, Chandigarh. Bhola Singh Preet Dy. News Editor (Responsible for selection of News Under PRB Act) email : rozanaspokesman@yahoo.com. Phone (Ajitgarh) : +91-172-3047671-73 Fax: +91-172-3047676/85/86/87 Chd.Office : 5083424, 2542033 Fax : +91-172-2542488. RNI NO. CHA PUN/2005/15875. WPP Postal Regd. No. CHD/108/09-11.